## ਗੁਰੂ ਨਾਨਕ - ਸਬਦ ੪੨

## ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥

## ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧੪

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥

ਸਾਰ: ਅਣ ਤਰਾਸ਼ੇ ਹੋਏ ਰਤਨ ਸਾਧਾਰਣ ਰੂਪ ਵਿਚ ਆਮ ਪੱਥਰ ਦੀ ਤਰ੍ਹਾਂ ਦਿਖਾਈ ਦਿੰਦੇ ਹਨ, ਪਰ ਜਦੋਂ ਉਹਨਾਂ ਤਰਾਸ਼ਿਆ ਅਤੇ ਚਮਕਾਇਆ ਜਾਂਦਾ ਹੈ ਤਾਂ ਉਹ ਮੁਲਵਾਨ ਹੋ ਜਾਂਦੇ ਹਨ। ਇਸ ਨਾਲ ਉਹਨਾਂ ਦੀ ਚਮਕ ਅਤੇ ਖ਼ੂਬਸੂਰਤੀ ਵੀ ਸਾਹਮਣੇ ਆਉਂਦੀ ਹੈ। ਇਸੇ ਤਰ੍ਹਾਂ ਕੁਦਰਤ ਦੇ ਬਹੁਤ ਸਾਰੇ ਤੱਤ ਸਾਡੀ ਰੋਜ਼ਮਰਾ ਜ਼ਿੰਦਗੀ ਵਿਚ ਮਹੱਤਵਹੀਨ ਭਾਸ ਸਕਦੇ ਹਨ ਪਰ ਉਨ੍ਹਾਂ ਦੀ ਅਸਲ ਕੀਮਤ ਉਸ ਵੇਲੇ ਉਜਾਗਰ ਹੁੰਦੀ ਹੈ ਜਦੋਂ ਅਸੀਂ ਉਨ੍ਹਾਂ ਨੂੰ ਗਿਆਨ ਦੇ ਅਸਲ ਸਰੋਤ ਵਜੋਂ ਜਾਣਦੇ ਹਾਂ ਅਤੇ ਇਸ ਪ੍ਰਕਿਰਿਆ ਰਾਹੀਂ ਆਤਮ ਪੜਚੋਲ ਅਤੇ ਚਿੰਤਨ ਦੇ ਰਾਹ ਵੀ ਤੁਰਦੇ ਰਹਿੰਦੇ ਹਾਂ। ਇਹ ਸੂਝ ਸਾਡੇ ਮਨ ਨੂੰ ਰੋਸ਼ਨ ਕਰਦੀ ਹੈ

ਅਤੇ ਇਹ ਸਮਝਣ ਵਿਚ ਮਦਦ ਕਰਦੀ ਹੈ ਕਿ ਕੁਦਰਤ ਦਾ ਹਰ ਹਿੱਸਾ ਸਾਡੇ ਜੀਵਨ ਨੂੰ ਭਰਪੂਰ ਕਰਨ ਲਈ ਜ਼ਰੂਰੀ ਹੈ।

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਮੋਤੀਆਂ ਅਤੇ ਕੀਮਤੀ ਪੱਥਰਾਂ ਦੀ ਜੜਤ ਨਾਲ ਸਜਿਆ ਹੋਇਆ ਇਕ ਨਿਵਾਸ ਸਥਾਨ ਹੋਵੇ,

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਜੋ ਕਸਤੂਰੀ ਨਾਲ ਮਹਿਕਿਆ, ਕੇਸਰ ਦੇ ਲੇਪ ਨਾਲ ਸ਼ਿੰਗਾਰਿਆ, ਅਤਰ ਨਾਲ ਸੁਗੰਧਿਤ, ਅਤੇ ਚੰਦਨ ਨਾਲ ਲੇਪਿਤ ਮਨਮੋਹਨਾ ਹੋਵੇ।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਧੰਨ-ਸੰਪਦਾ ਦੇ ਲੁਭੋਣੇ ਭਰਮ ਵਿੱਚ ਫਸਣ ਤੋਂ ਸੁਚੇਤ ਰਹੋ, ਕਿਉਂਕਿ ਇਹ ਭ੍ਰਮਿਕ ਛਲਾਵਾ ਚਿੰਤਨ ਦੀ ਗੁਣਮਈ ਰੂਹਾਨੀ ਪ੍ਰਕਿਰਿਆ ਵਿੱਚ ਰੁਕਾਵਟ ਪਾ ਸਕਦਾ ਹੈ। (੧)

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਏਕਤਾ ਨੂੰ ਕਲਾਵੇ ਵਿੱਚ ਲੈਣ ਬਿਨਾਂ, ਦਿਲ ਅੰਦਰ ਵੱਸੀ ਉਸਾਰੂ ਪ੍ਰਵਿਰਤੀ ਨਾਸ਼ ਹੋ ਜਾਂਦੀ ਹੈ।

ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥
ਮੈਂ ਹਨੇਰੇ ਤੋਂ ਰੌਸ਼ਨੀ ਵੱਲ ਜਾਣ ਲਈ ਬਿਬੇਕਮਈ ਸ਼ਬਦਾਂ ਤੋਂ ਮਾਰਗਦਰਸ਼ਨ ਦੀ ਮੰਗ ਕੀਤੀ ਜੋ ਜਾਗਰੂਕਤਾ ਦਾ ਮੁਖ ਸਰੋਤ ਹਨ। (੧)(ਠਹਿਰਾਉ)

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਜੇ ਜ਼ਮੀਨ ਰਤਨਾਂ ਨਾਲ ਜੜੀ ਹੋਈ ਹੋਵੇ ਅਤੇ ਪਲੰਘ ਕੀਮਤੀ ਗਹਿਣਿਆਂ ਨਾਲ ਸਜਿਆ ਹੋਵੇ।

ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਜੇ ਗਹਿਣਿਆਂ ਨਾਲ ਸ਼ਿੰਗਾਰੀ ਹੋਈ ਮਨਮੋਹਕ ਸਰੀਰਕ ਸੁੰਦਰਤਾ ਇੱਛਾਵਾਂ ਵਿੱਚ ਫਸੀ ਹੋਵੇ।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥

ਇੱਛਾਵਾਂ ਦੇ ਲੁਭੋਣੇ ਭਰਮ ਵਿੱਚ ਫਸਣ ਤੋਂ ਸੁਚੇਤ ਰਹੋ, ਕਿਉਂਕਿ ਇਹ ਭ੍ਰਮਿਕ ਛਲਾਵਾ ਚਿੰਤਨ ਦੀ ਗੁਣਮਈ ਰੂਹਾਨੀ ਪ੍ਰਕਿਰਿਆ ਵਿੱਚ ਰੁਕਾਵਟ ਪਾ ਸਕਦਾ ਹੈ। (੨)

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥

ਜੇ ਅਲੌਕਿਕ ਗਿਆਨ ਦੀ ਪ੍ਰਾਪਤੀ ਹੋਵੇ, ਜਿਸ ਨਾਲ ਕਰਾਮਾਤੀ ਕਾਰਜ ਅਤੇ ਪਦਾਰਥਿਕ ਸੰਪਤੀ ਪੈਦਾ ਕਰਨ ਦੀ ਸ਼ਕਤੀ ਪ੍ਰਾਪਤ ਹੋਵੇ।

ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥

ਜੇਕਰ ਕੋਈ ਆਪਣੀ ਇੱਛਾ ਅਨੁਸਾਰ ਅਦਿੱਖ ਅਤੇ ਪ੍ਰਗਟ ਹੋਣ ਦੀ ਕਲਾ ਪ੍ਰਾਪਤ ਕਰ ਲਵੇ, ਅਤੇ ਲੋਕਾਂ ਨੂੰ ਮੰਤਰ ਮੁਗਧ ਕਰ ਅਤੇ ਆਪਣਾ ਭੈ ਪੈਦਾ ਕਰੇ।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥

ਕਰਾਮਾਤਾਂ ਦੇ ਲੁਭੋਣੇ ਭਰਮ ਵਿੱਚ ਫਸਣ ਤੋਂ ਸੁਚੇਤ ਰਹੋ, ਕਿਉਂਕਿ ਇਹ ਭ੍ਰਮਿਕ ਛਲਾਵਾ ਚਿੰਤਨ ਦੀ ਗੁਣਮਈ ਰੂਹਾਨੀ ਪ੍ਰਕਿਰਿਆ ਵਿੱਚ ਰੁਕਾਵਟ ਪਾ ਸਕਦਾ ਹੈ। (੩)

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥

ਜੇਕਰ ਕੋਈ ਵੱਡੀ ਫ਼ੌਜ ਦਾ ਬਾਦਸ਼ਾਹ ਬਣ, ਗੱਦੀ 'ਤੇ ਬਿਰਾਜੇ।

ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥

ਹੁਕਮ ਜਾਰੀ ਕਰਨ ਅਤੇ ਮਾਲੀਆ ਇਕੱਠਾ ਕਰਨ ਦੇ ਪਦ ਦਾ ਅਧਿਕਾਰੀ ਹੋਵੇ, ਨਾਨਕ ਆਖਦੇ ਹਨ ਹਵਾ ਦੇ ਬੁੱਲੇ ਦੀ ਤਰ੍ਹਾਂ ਸਭ ਕੁਝ ਅਸਥਾਈ ਹੈ।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥

ਸਤਾ ਦੇ ਲੁਭੋਣੇ ਭਰਮ ਵਿੱਚ ਫਸਣ ਤੋਂ ਸੁਚੇਤ ਰਹੋ, ਕਿਉਂਕਿ ਇਹ ਭ੍ਰਮਿਕ ਛਲਾਵਾ ਚਿੰਤਨ ਦੀ ਗੁਣਮਈ ਰੂਹਾਨੀ ਪ੍ਰਕਿਰਿਆ ਵਿੱਚ ਰੁਕਾਵਟ ਪਾ ਸਕਦਾ ਹੈ। (੪)(੧)

ਤੱਤ: ਗੁਰੂ ਨਾਨਕ ਸਾਨੂੰ ਯਾਦ ਦਿਵਾਉਂਦੇ ਹਨ ਕਿ ਸਾਰੀਆਂ ਦੁਨਿਆਵੀ ਪ੍ਰਾਪਤੀਆਂ ਅਸਥਾਈ ਹਨ ਅਤੇ ਅਕਸਰ ਸਾਡੀ ਖੁਸ਼ੀਆਂ ਬਾਹਰੀ ਹਾਲਤਾਂ 'ਤੇ ਨਿਰਭਰ ਕਰਦੀਆਂ ਹਨ। ਇਸ ਦੇ ਉਲਟ ਸੱਚਾ ਸੰਤੋਖ ਚਿੰਤਨ ਦੇ ਅਭਿਆਸ ਦੁਆਰਾ ਅੰਦਰੋਂ ਆਉਂਦਾ ਹੈ, ਜੋ ਵਧੇਰੇ ਗੂੜ੍ਹ ਅਤੇ ਸਥਾਈ ਹੁੰਦੀ ਹੈ, ਜਿਸ ਨੂੰ ਬਾਹਰੀ ਪ੍ਰਾਪਤੀਆਂ ਹਾਸਿਲ ਨਹੀਂ ਕਰ ਸਕਦੀਆਂ। ਇਸ ਲਈ, ਉਹ ਭਰਮਮਈ ਇੱਛਾਵਾਂ ਦੇ ਲੁਭਾਉਣੇ ਜਾਲ ਤੋਂ ਸਾਵਧਾਨ ਕਰਦੇ ਹਨ ਜੋ ਸਾਨੂੰ ਸਬਰ ਸੰਤੋਖ ਤੋਂ ਦੂਰ ਲੈ ਜਾਂਦੀਆਂ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**